ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ
Buy/Sell US Dollars
416-731-7710

ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ
647-829-2454

Personal Loan
Business Loan
Home Line of Credit
905-965-4644

12 Beds, 7 Baths
For 24 Guests
905-965-4644

ਮਰਦਾਨਾ ਕਮਜ਼ੋਰੀ
416-992-5489

ਸਸਤੀਆਂ ਹਵਾਈ ਟਿਕਟਾਂ
24/7 SERVICE
905-456-9977

ਇੰਡੀਅਨ ਵੀਜ਼ਾ
OCI & Passport
Renewal
514-389-7070

ਕਰਜ਼ੇ ਤੋਂ ਪਰੇਸ਼ਾਨ ਹੋ ?
416-502-3100

ਰੂਹ ਦੀ ਖੁਰਾਕ

ਕੰਵਰ ਸੰਦੀਪ ਸਿੰਘ
email:sunnyb@gmail.com
Cell: 1-416-992-5489

ਇਨਸਾਨ ਬਣਨ ਲਈ ਮੇਰੀ ਜੱਦੋਜਹਿਦ !

"ਜਟਿਲਤਾ ਨਾਲ ਨਜਿੱਠਣਾ ਸਮੇਂ, ਧਿਆਨ ਅਤੇ ਮਾਨਸਿਕ ਊਰਜਾ ਦੀ ਇੱਕ ਅਕੁਸ਼ਲ ਅਤੇ ਬੇਲੋੜੀ ਬਰਬਾਦੀ ਹੈ। ਚੀਜ਼ਾਂ ਦੇ ਗੁੰਝਲਦਾਰ ਹੋਣ ਦਾ ਕਦੇ ਵੀ ਕੋਈ ਜਾਇਜ਼ ਕਾਰਨ ਨਹੀਂ ਹੁੰਦਾ ਕਿਉਂਕਿ ਉਹ ਹਮੇਸ਼ਾ ਸਰਲ ਹੋ ਸਕਦੀਆਂ ਹਨ।" ਇਹ ਕਹਿਣਾ ਸੀ ਮਹਾਨ ਦਾਰਸ਼ਨਿਕ ਐਡਵਰਡ ਡੀ ਬੋਨੋ ਦਾ। ਤੁਹਾਡੀ ਜ਼ਿੰਦਗੀ 'ਚ ਜਿਹੜੀ ਚੀਜ਼ ਬਹੁਤ ਹੀ ਸਿੱਧੀ ਹੋ ਸਕਦੀ ਸੀ (ਅਤੇ ਉਸ ਨੂੰ ਹੋਣਾ ਵੀ ਚਾਹੀਦਾ ਸੀ) ਇਸ ਵੇਲੇ ਬੁਰੀ ਤਰ੍ਹਾਂ ਉਲਝ ਰਹੀ ਹੈ। ਮੈਨੂੰ ਤੁਹਾਨੂੰ ਇਹ ਦੱਸ ਕੇ ਖ਼ੁਸ਼ੀ ਹੋ ਰਹੀ ਹੈ ਕਿ ਤੁਹਾਡੇ ਕੋਲ ਉਸ ਨੂੰ ਹੱਲ ਕਰਨ ਦੀ ਸ਼ਕਤੀ ਮੌਜੂਦ ਹੈ, ਪਰ ਤੁਹਾਨੂੰ ਥੋੜ੍ਹੇ ਆਤਮਵਿਸ਼ਵਾਸ ਦੀ ਲੋੜ ਪਵੇਗੀ। ਇੱਕ ਛੋਟੀ ਜਿਹੀ ਅਨਿਸ਼ਚਿਤਤਾ ਨੂੰ ਇੱਕ ਵੱਡੀ ਰੁਕਾਵਟ ਨਾ ਬਣਨ ਦਿਓ।

ਇੱਕ ਪੁਰਾਣੀ ਕਹਾਵਤ ਹੈ, "ਤੁਸੀਂ ਮੇਰੀ ਪਿੱਠ ਖੁਰਕੋ ਅਤੇ ਮੈਂ ਤੁਹਾਡੀ ਖੁਰਕਾਂਗਾ," ਭਾਵ ਸੱਜਾ ਧੋਵੇ ਖੱਬੇ ਨੂੰ ਤੇ ਖੱਬਾ ਧੋਵੇ ਸੱਜੇ ਨੂੰ। ਕਿਸੇ ਅਹਿਸਾਨ ਦੇ ਬਦਲੇ ਅਹਿਸਾਨ ਕਰਨਾ। ਇਹ ਮੁਹਾਵਰਾ ਸਿਰਫ਼ ਖਾਰਸ਼ੀ ਪਿੱਠਾਂ ਵਾਲੇ ਲੋਕਾਂ 'ਤੇ ਹੀ ਲਾਗੂ ਨਹੀਂ ਹੁੰਦਾ। ਕੁਝ ਅਹਿਸਾਨ ਅਜਿਹੇ ਹੁੰਦੇ ਨੇ ਜਿਹੜੇ ਅਸੀਂ ਖ਼ੁਦ ਲਈ ਕਰਨ ਦੀ ਬਜਾਏ ਦੂਸਰਿਆਂ ਲਈ ਕਿਤੇ ਵੱਧ ਆਸਾਨੀ ਨਾਲ ਕਰ ਸਕਦੇ ਹਾਂ। ਕਈ ਵਾਰ ਅਸੀਂ ਖ਼ੁਦ ਨੂੰ ਕਿਸੇ ਦੋਸਤ ਵਾਸਤੇ ਪੂਰੀ ਕੋਸ਼ਿਸ਼ ਕਰਨ ਲਈ ਬਹੁਤ ਤਤਪਰ ਪਾਉਂਦੇ ਹਾਂ। ਉਦਾਹਰਣ ਦੇ ਤੌਰ 'ਤੇ, ਅਸੀਂ ਕਈ ਵਾਰ ਭਾਵੇਂ ਆਪਣੇ ਆਪ ਲਈ ਡਿਨਰ ਬਣਾਉਣ ਦੇ ਮੂਡ 'ਚ ਨਾ ਹੋਈਏ, ਪਰ ਜੇ ਸਾਡੇ ਘਰੇ ਕੁਝ ਮਹਿਮਾਨ ਆ ਰਹੇ ਹੋਣ ਤਾਂ ਅਸੀਂ ਉਨ੍ਹਾਂ ਲਈ ਵੰਨ-ਸੁਵੰਨੇ ਪਕਵਾਨ ਬਣਾਉਣ 'ਚ ਆਪਣੀ ਪੂਰੀ ਵਾਹ ਲਗਾ ਦਿੰਦੇ ਹਾਂ। ਸਾਨੂੰ ਇਸ ਵੇਲੇ ਕਿਸੇ ਵਿਅਕਤੀ ਨੂੰ ਇਹ ਸਮਝਾਉਣ ਦੀ ਲੋੜ ਹੈ, ਪਰ ਬਹੁਤ ਹੀ ਸਹਿਜ ਢੰਗ ਨਾਲ, ਕਿ ਮਦਦਗਾਰ ਬਣਨ ਨਾਲ ਉਨ੍ਹਾਂ ਦੀ ਉਹ ਪ੍ਰਾਪਤ ਕਰਨ ਦੀ ਸੰਭਾਵਨਾ ਵੱਧ ਜਾਵੇਗੀ ਜਿਸ ਦੀ ਉਨ੍ਹਾਂ ਨੂੰ ਸਭ ਤੋਂ ਵੱਧ ਲੋੜ ਹੈ, ਅਤੇ ਅਜਿਹਾ ਕਰ ਕੇ ਉਹ ਖ਼ੁਸ਼ੀ ਵੀ ਮਹਿਸੂਸ ਕਰਨਗੇ!

ਆਪਣੇ ਆਪ 'ਤੇ ਸ਼ੱਕ ਕਿਉਂ ਕਰੀਏ? ਮੈਨੂੰ ਜਾਪਦੈ ਕਿ ਤੁਸੀਂ ਇਸ ਵਕਤ ਬਿਲਕੁਲ ਹੀ ਗ਼ਲਤ ਜਗ੍ਹਾ 'ਤੇ, ਗ਼ਲਤ ਸਮੇਂ 'ਤੇ ਅਤੇ ਗ਼ਲਤ ਕਾਰਨ ਕਰ ਕੇ ਹੋ। ਤੁਸੀਂ, ਸ਼ਾਇਦ, ਕੋਈ ਬਹੁਤ ਭਿਆਨਕ ਗ਼ਲਤੀ ਕਰ ਰਹੇ ਹੋ। ਪਰ ਆਓ ਇਸ ਬਾਰੇ ਜ਼ਰਾ ਗੰਭੀਰਤਾ ਨਾਲ ਸੋਚੀਏ। ਹੋ ਸਕਦਾ ਹੈ ਕਿ ਉਪ੍ਰੋਕਤ 'ਚੋਂ ਕੋਈ ਵੀ ਗੱਲ ਸੱਚ ਨਾ ਹੋਵੇ। ਹੁਣ ਤੁਹਾਡੀ ਨਿੱਜੀ ਜ਼ਿੰਦਗੀ 'ਚ ਤੁਹਾਨੂੰ ਇੱਕ ਬਹੁਤ ਹੀ ਸਪੱਸ਼ਟ, ਸਿਆਣੀ ਆਵਾਜ਼ ਦੁਆਰਾ ਨਿਰਦੇਸ਼ਿਤ ਕੀਤਾ ਜਾ ਰਿਹੈ, ਅਤੇ ਤੁਹਾਨੂੰ ਤੇਜ਼ੀ ਨਾਲ ਇੱਕ ਮਹਾਨ ਤੋਹਫ਼ੇ ਦੇ ਸਰੋਤ ਵੱਲ ਲਿਜਾਇਆ ਜਾ ਰਿਹੈ। ਆਪਣੇ ਆਪ 'ਤੇ ਸ਼ੱਕ ਕਰਨਾ ਬੰਦ ਕਰੋ। ਜੇਕਰ ਤੁਸੀਂ ਹਰ ਵਿਕਾਸ 'ਤੇ ਸਵਾਲ ਉਠਾਉਂਦੇ ਰਹੋਗੇ ਤਾਂ ਤੁਸੀਂ ਉਸ ਜਾਦੂ ਦਾ ਇੱਕ ਬਹੁਤ ਵੱਡਾ ਹਿੱਸਾ ਗੁਆ ਲਵੋਗੇ ਜੋ ਹੁਣ ਤੁਹਾਡੇ 'ਤੇ ਵਰ੍ਹਾਇਆ ਜਾ ਰਿਹੈ।

ਕਾਲੀਆਂ-ਚਿੱਟੀਆਂ ਫ਼ਿਲਮਾਂ ਦੇ ਦਿਨਾਂ 'ਚ, ਭਾਵਨਾਤਮਕ ਮੁੱਦੇ ਵੀ ਕਾਲੇ ਅਤੇ ਚਿੱਟੇ ਹੀ ਹੁੰਦੇ ਸਨ! ਉਸ ਵਕਤ ਕੋਈ ਵੀ ਹੋਰ ਅਜਿਹੇ ਰੰਗ ਨਹੀਂ ਸੀ ਹੁੰਦੇ ਜਿਨ੍ਹਾਂ 'ਚ ਉਸ ਵਕਤ ਦੀਆਂ ਭਾਵਨਾਵਾਂ ਨੂੰ ਵਿਅਕਤ ਕੀਤਾ ਜਾ ਸਕਦਾ। ਅੱਜਕੱਲ੍ਹ, ਅਸੀਂ ਖ਼ੁਦ ਨੂੰ ਗੁੰਝਲਦਾਰ ਮਨੋਵਿਗਿਆਨਕ ਫ਼ਿਲਮਾਂ ਦੇ ਆਦੀ ਬਣਾ ਚੁੱਕੇ ਹਾਂ। ਸੂਝਵਾਨ ਦਰਸ਼ਕ ਸੂਖਮਤਾ ਅਤੇ ਅਸਪਸ਼ਟਤਾ ਦੀ ਇੰਨੀ ਕਦਰ ਕਰਦੇ ਹਨ ਕਿ ਅਕਸਰ ਫ਼ਿਲਮ ਦੇ ਅੰਤ ਤਕ ਉਹ ਇਹ ਨਹੀਂ ਦੱਸ ਸਕਦੇ ਕਿ ਚੰਗੇ ਲੋਕ ਕਿਹੜੇ ਹਨ ਅਤੇ ਬੁਰੇ ਕਿਹੜੇ। ਇਹ ਨਿਰਾਸ਼ਾਜਨਕ ਹੋਣ ਦੇ ਬਾਵਜੂਦ ਬਹੁਤ ਜ਼ਿਆਦਾ ਯਥਾਰਥਵਾਦੀ ਹੈ। ਤੁਹਾਡੀ ਜ਼ਿੰਦਗੀ ਵਿਚਲੀ ਇੱਕ ਗੁੰਝਲਦਾਰ ਸਥਿਤੀ 'ਤੇ ਡੂੰਘਾਈ ਨਾਲ ਵਿਚਾਰ ਕਰਨ ਦੀ ਲੋੜ ਹੈ।

ਸਾਡੇ ਸੁਪਨੇ ਹਮੇਸ਼ਾ ਸੱਚ ਨਹੀਂ ਹੁੰਦੇ। ਪਰ ਇਹ ਕੋਈ ਕਾਰਨ ਨਹੀਂ ਕਿ ਅਸੀਂ ਆਪਣੇ ਆਪ ਨੂੰ ਉਸ ਖ਼ੁਸ਼ੀ ਤੋਂ ਵਾਂਝਾ ਰੱਖੀਏ ਜੋ ਸਾਨੂੰ ਇਹ ਕਲਪਨਾ ਕਰਨ ਨਾਲ ਮਿਲਦੀ ਹੈ ਕਿ ਸ਼ਾਇਦ, ਇੱਕ ਦਿਨ, ਉਹ ਸੱਚ ਹੋ ਜਾਣ। ਸਾਰੇ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਅਸੀਂ ਆਪਣੀਆਂ ਕਲਪਨਾਵਾਂ ਦੇ ਹੱਕਦਾਰ ਹਾਂ, ਜਿੰਨਾ ਚਿਰ ਅਸੀਂ ਉਨ੍ਹਾਂ ਕਾਰਨ ਹਕੀਕਤ 'ਤੇ ਆਪਣੀ ਪਕੜ ਢਿੱਲੀ ਨਹੀਂ ਪੈਣ ਦਿੰਦੇ। ਇਸੇ ਕਰ ਕੇ ਬਹੁਤ ਸਾਰੇ ਲੋਕ ਆਪਣੀਆਂ ਤਾਂਘਾਂ ਅਤੇ ਇੱਛਾਵਾਂ ਨੂੰ ਵੰਡ ਜਾਂ ਉਨ੍ਹਾਂ ਦਾ ਵਰਗੀਕਰਣ ਕਰ ਦਿੰਦੇ ਹਨ। ਉਹ ਉਨ੍ਹਾਂ ਨੂੰ ਇੱਕ ਕਿਸਮ ਦੀ ਮਨੋਵਿਗਿਆਨਕ ਕੁਐਰੈਨਟੀਨ ਜਾਂ ਅਲਹਿਦਗੀ 'ਚ ਪਾ ਦਿੰਦੇ ਹਨ ਤਾਂ ਜੋ ਉਨ੍ਹਾਂ ਦੀ ਵਿਵਹਾਰਕਤਾ ਦੀ ਭਾਵਨਾ ਪ੍ਰਦੂਸ਼ਿਤ ਨਾ ਹੋ ਜਾਵੇ, ਠੀਕ ਉਸੇ ਤਰ੍ਹਾਂ ਜਿਵੇਂ ਕਿਸੇ ਛੂਤ ਦੀ ਬੀਮਾਰੀ ਨੂੰ ਫ਼ੈਲਣ ਤੋਂ ਰੋਕਣ ਲਈ ਉਸ ਬੀਮਾਰੀ ਤੋਂ ਸੰਕ੍ਰਮਿਤ ਮਰੀਜ਼ ਨੂੰ ਹਸਪਤਾਲ ਦੇ ਇੱਕ ਕਮਰੇ 'ਚ ਅਲੱਗ-ਥਲੱਗ ਕਰ ਦਿੱਤਾ ਜਾਂਦਾ ਹੈ। ਪਰ ਜੇ ਉਨ੍ਹਾਂ 'ਚੋਂ ਕੁਝ ਸੁਪਨੇ ਅਸਲ 'ਚ ਸੱਚ ਹੋ ਸਕਦੇ ਹੋਣ ਤਾਂ ਉਸ ਸੂਰਤ 'ਚ ਕੀ ਹੋਵੇਗਾ? ਹੁਣ ਤੁਹਾਡੇ ਵੀ ਕੁਝ ਸੁਪਨੇ ਸਾਕਾਰ ਹੋ ਸਕਦੇ ਨੇ!

ਸ਼ੂਗਰ ਦੇ ਮਰੀਜ਼ਾਂ ਨੂੰ ਨਹੀਂ ਮਿਲੇਗਾ US ਦਾ ਵੀਜ਼ਾ

ਨਿਊ ਯੌਰਕ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਵਲੋਂ ਆਏ ਦਿਨ ਕੋਈ ਨਾ ਕੋਈ ਨਵਾਂ ਐਲਾਨ ਕੀਤਾ ਜਾ ਰਿਹਾ ਹੈ, ਜਿਸ ਕਾਰਨ ਦੁਨੀਆਂ ਭਰ 'ਚ ਸਨਸਨੀ ਫ਼ੈਲ ਜਾਂਦੀ ਹੈ। ਉਨ੍ਹਾਂ ਦੇ ਗ਼ੈਰ-ਕਾਨੂੰਨੀ ਪਰਵਾਸੀਆਂ ਖ਼ਿਲਾਫ਼ ਅਪਣਾਏ ਹੋਏ ਸਖ਼ਤ ਰੁਖ਼ ਕਾਰਨ ਉਹ ਪਹਿਲਾਂ ਹੀ ਚਰਚਾ ਦਾ ਵਿਸ਼ਾ ਬਣੇ ਹੋਏ ਹਨ, ਉੱਥੇ ਹੀ ਉਨ੍ਹਾਂ ਦੇ ਪ੍ਰਸ਼ਾਸਨ ਨੇ ਇੱਕ ਹੋਰ ਅਜਿਹਾ ਐਲਾਨ ਕੀਤਾ ਹੈ ਜਿਸ ਨੂੰ ਸੁਣ ਕੇ ਹਰ ਕੋਈ ਹੈਰਾਨ ਰਹਿ ਗਿਆ ਹੈ।

ਜਾਣਕਾਰੀ ਅਨੁਸਾਰ ਅਮਰੀਕਾ 'ਚ ਰਹਿਣ ਦੀ ਮੰਗ ਕਰਨ ਵਾਲੇ ਵਿਦੇਸ਼ੀਆਂ ਨੂੰ ਹੁਣ ਉਨ੍ਹਾਂ ਦੀ ਸਿਹਤ ਦੀ ਸਥਿਤੀ ਦੇ ਆਧਾਰ 'ਤੇ ਵੀਜ਼ਾ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਟਰੰਪ ਪ੍ਰਸ਼ਾਸਨ ਨੇ ਇੱਕ ਨਵੀਂ ਹਿਦਾਇਤ ਜਾਰੀ ਕੀਤੀ ਹੈ ਜਿਸ 'ਚ ਅਮਰੀਕੀ ਵੀਜ਼ਾ ਅਫ਼ਸਰਾਂ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਅਜਿਹੇ ਵਿਅਕਤੀਆਂ ਦੀਆਂ ਅਰਜ਼ੀਆਂ ਰੱਦ ਕਰ ਦੇਣ ਜਿਨ੍ਹਾਂ ਨੂੰ ਕੁਝ ਖ਼ਾਸ ਡਾਕਟਰੀ ਸਮੱਸਿਆਵਾਂ ਹਨ। ਰਿਪੋਰਟਾਂ ਅਨੁਸਾਰ ਇਨ੍ਹਾਂ ਸਮੱਸਿਆਵਾਂ 'ਚ ਸ਼ੂਗਰ ਅਤੇ ਮੋਟਾਪਾ ਵੀ ਸ਼ਾਮਿਲ ਹਨ।

ਅਮਰੀਕੀ ਸਟੇਟ ਡਿਪਾਰਟਮੈਂਟ ਵਲੋਂ ਦੂਤਾਵਾਸਾਂ ਅਤੇ ਕੌਂਸਲੇਟਾਂ ਨੂੰ ਭੇਜੇ ਗਏ ਇਸ ਨਿਰਦੇਸ਼ 'ਚ ਅਧਿਕਾਰੀਆਂ ਨੂੰ ਅਜਿਹੇ ਬਿਨੈਕਾਰਾਂ ਨੂੰ ਅਯੋਗ ਮੰਨਣ ਲਈ ਕਿਹਾ ਗਿਆ ਹੈ ਜਿਨ੍ਹਾਂ ਦੀ ਸਿਹਤ ਦੀ ਸਥਿਤੀ ਜਾਂ ਉਮਰ ਉਨ੍ਹਾਂ ਨੂੰ ਸੰਭਾਵੀ ਪਬਲਿਕ ਚਾਰਜ ਬਣਾ ਸਕਦੀ ਹੈ। ਇੱਕ ਪਬਲਿਕ ਚਾਰਜ ਦਾ ਅਰਥ ਹੈ ਉਹ ਵਿਅਕਤੀ ਜੋ ਜਨਤਕ ਲਾਭਾਂ 'ਤੇ ਨਿਰਭਰ ਹੋ ਸਕਦਾ ਹੈ ਜਾਂ ਅਮਰੀਕਾ 'ਤੇ ਵਿੱਤੀ ਬੋਝ ਬਣ ਸਕਦਾ ਹੈ।

ਇਹ ਐਡਵਾਇਜ਼ਰੀ ਸਪੱਸ਼ਟ ਕਰਦੀ ਹੈ ਕਿ ਵੀਜ਼ਾ ਅਫ਼ਸਰਾਂ ਨੂੰ ਇੱਕ ਬਿਨੈਕਾਰ ਦੀ ਸਿਹਤ 'ਤੇ ਜ਼ਰੂਰ ਵਿਚਾਰ ਕਰਨਾ ਚਾਹੀਦਾ ਹੈ। ਨਿਰਦੇਸ਼ ਮੁਤਾਬਿਕ ਕੁਝ ਖ਼ਾਸ ਡਾਕਟਰੀ ਸਥਿਤੀਆਂ ਲਈ ਸੈਂਕੜੇ ਹਜ਼ਾਰਾਂ ਡਾਲਰਾਂ ਤਕ ਦੀ ਦੇਖਭਾਲ ਦੀ ਜ਼ਰੂਰਤ ਹੋ ਸਕਦੀ ਹੈ। ਵੀਜ਼ਾ ਰੱਦ ਕਰਨ ਦੇ ਆਧਾਰਾਂ 'ਚ ਕੁਝ ਹੋਰ ਸਮੱਸਿਆਵਾਂ ਵੀ ਸ਼ਾਮਿਲ ਹਨ, ਜਿਨ੍ਹਾਂ 'ਚ ਕਾਰਡੀਓਵੈਸਕੂਲਰ ਬੀਮਾਰੀਆਂ, ਸਾਹ ਦੀਆਂ ਬੀਮਾਰੀਆਂ, ਕੈਂਸਰ, ਡਾਇਬੀਟੀਜ਼ (ਸ਼ੂਗਰ), ਮੈਟਾਬੌਲਿਕ ਬੀਮਾਰੀਆਂ, ਨਿਊਰੋਲੌਜੀਕਲ ਬੀਮਾਰੀਆਂ, ਮਾਨਸਿਕ ਸਿਹਤ ਸਥਿਤੀਆਂ ਆਦਿ ਸ਼ਾਮਿਲ ਹਨ।

ਦੂਤਾਵਾਸਾਂ ਨੂੰ ਜਾਰੀ ਕੀਤੇ ਗਏ ਨਿਰਦੇਸ਼ ਅਨੁਸਾਰ, ਵੀਜ਼ਾ ਅਫ਼ਸਰਾਂ ਨੂੰ ਮੋਟਾਪੇ 'ਤੇ ਵੀ ਵਿਚਾਰ ਕਰਨ ਲਈ ਕਿਹਾ ਗਿਆ ਹੈ। ਇਸ ਦਾ ਕਾਰਨ ਇਹ ਹੈ ਕਿ ਮੋਟਾਪਾ ਦਮਾ ਸਲੀਪ ਐਪਨੀਆ ਅਤੇ ਹਾਈ ਬਲੱਡ ਪ੍ਰੈਸ਼ਰ ਵਰਗੀਆਂ ਸਮੱਸਿਆਵਾਂ ਪੈਦਾ ਕਰ ਸਕਦਾ ਹੈ ਜਿਨ੍ਹਾਂ ਸਭ ਲਈ ਮਹਿੰਗੀ ਤੇ ਲੰਬੇ ਸਮੇਂ ਦੀ ਦੇਖਭਾਲ ਦੀ ਜ਼ਰੂਰਤ ਹੋ ਸਕਦੀ ਹੈ।

ਨਵੇਂ ਨਿਯਮਾਂ ਤਹਿਤ ਵੀਜ਼ਾ ਅਫ਼ਸਰ ਨੂੰ ਬਿਨੈਕਾਰ ਦੀ ਡਾਕਟਰੀ ਇਲਾਜ ਲਈ ਭੁਗਤਾਨ ਕਰਨ ਦੀ ਸਮਰਥਾ ਦਾ ਮੁਲਾਂਕਣ ਕਰਨਾ ਲਾਜ਼ਮੀ ਹੋਵੇਗਾ। ਨਿਰਦੇਸ਼ 'ਚ ਪੁੱਛਿਆ ਗਿਆ ਹੈ ਕਿ ਕੀ ਬਿਨੈਕਾਰ ਕੋਲ ਆਪਣੀ ਪੂਰੀ ਸੰਭਾਵਿਤ ਉਮਰ ਦੌਰਾਨ ਅਜਿਹੀ ਦੇਖਭਾਲ ਦੇ ਖ਼ਰਚਿਆਂ ਨੂੰ ਪੂਰਾ ਕਰਨ ਲਈ ਢੁੱਕਵੇਂ ਵਿੱਤੀ ਸਰੋਤ ਹਨ ਜਾਂ ਨਹੀਂ। ਇਸ ਤੋਂ ਇਲਾਵਾ ਅਧਿਕਾਰੀ ਬਿਨੈਕਾਰ ਦੇ ਪਰਿਵਾਰਕ ਮੈਂਬਰਾਂ ਦੀ ਸਿਹਤ 'ਤੇ ਵੀ ਵਿਚਾਰ ਕਰ ਸਕਦੇ ਹਨ। ਜੇਕਰ ਕਿਸੇ ਆਸ਼ਰਿਤ ਨੂੰ ਅਪੰਗਤਾ, ਪੁਰਾਣੀਆਂ ਡਾਕਟਰੀ ਸਥਿਤੀਆਂ, ਜਾਂ ਹੋਰ ਵਿਸ਼ੇਸ਼ ਲੋੜਾਂ ਹਨ ਜਿਸ ਕਾਰਨ ਬਿਨੈਕਾਰ ਆਪਣੀ ਨੌਕਰੀ ਜਾਰੀ ਨਹੀਂ ਰੱਖ ਸਕਦਾ ਤਾਂ ਇਸ ਕਾਰਨ ਵੀ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ।

ਹਾਲਾਂਕਿ ਅਮਰੀਕੀ ਅਧਿਕਾਰੀਆਂ ਵਲੋਂ ਅਜੇ ਕੋਈ ਅਧਿਕਾਰਿਕ ਐਲਾਨ ਜਾਂ ਪੁਸ਼ਟੀ ਨਹੀਂ ਕੀਤੀ ਗਈ, ਅਤੇ ਨਾ ਹੀ ਸਟੇਟ ਡਿਪਾਰਟਮੈਂਟ ਦੇ ਬੁਲਾਰੇ ਨੇ ਵੀ ਇਸ ਨਿਰਦੇਸ਼ 'ਤੇ ਕੋਈ ਟਿੱਪਣੀ ਕੀਤੀ ਹੈ

ਸਾਡੇ ਦੇਸ਼ 'ਚ ਹੈ ਨਹੀਂ ਸੋ ਬਾਹਰੋਂ ਲਿਆਉਣਾ ਪਏਗਾ ਟੈਲੈਂਟ - Trump

ਨਿਊ ਯੌਰਕ: ਅਮਰੀਕਾ ਦੇ ਸਾਬਕਾ ਰਾਸ਼ਟਰਪਤੀ **Donald Trump** ਨੇ **H-1B** ਵੀਜ਼ਾ ਪ੍ਰੋਗਰਾਮ ਦਾ ਬਚਾਅ ਕੀਤਾ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਅਮਰੀਕਾ ਨੂੰ ਦੁਨੀਆਂ ਭਰ ਤੋਂ ਟੈਲੈਂਟ ਲਿਆਉਣਾ ਪਵੇਗਾ ਕਿਉਂਕਿ ਦੇਸ਼ ਕੋਲ ਕੁੱਝ ਖ਼ਾਸ ਟੈਲੈਂਟ ਦੀ ਕਮੀ ਹੈ। **Trump** ਨੇ ਇਹ ਟਿੱਪਣੀ ਇੱਕ ਨਿਊਜ਼ ਚੈਨਲ 'ਤੇ ਇੱਕ ਇੰਟਰਵਿਊ ਦੌਰਾਨ ਕੀਤੀ। ਜਦੋਂ ਉਨ੍ਹਾਂ ਨੂੰ ਸਵਾਲ ਗਿਆ ਕੀਤਾ ਕਿ ਜੇ ਕਿਸੇ ਦਾ ਮਕਸਦ ਅਮਰੀਕੀ ਕਾਮਿਆਂ ਦੀ ਤਨਖ਼ਾਹ ਵਧਾਉਣਾ ਹੈ ਤਾਂ ਲੱਖਾਂ ਵਿਦੇਸ਼ੀ ਕਾਮਿਆਂ ਨੂੰ ਦੇਸ਼ 'ਚ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਇਸ ਦੇ ਜਵਾਬ 'ਚ **Trump** ਨੇ ਕਿਹਾ, ਮੈਂ ਸਹਿਮਤ ਹਾਂ, ਪਰ ਤੁਹਾਨੂੰ ਟੈਲੈਂਟ ਨੂੰ ਵੀ ਲਿਆਉਣਾ ਪਵੇਗਾ।"

ਘਰੇਲੂ ਟੈਲੈਂਟ ਦੀ ਕਮੀ ਦਾ ਹਵਾਲਾ: ਜਦੋਂ ਪੱਤਕਾਰ ਨੇ ਕਿਹਾ ਕਿ ਅਮਰੀਕਾ ਕੋਲ ਬਹੁਤ ਟੈਲੈਂਟ ਹੈ ਤਾਂ ਟਰੰਪ ਨੇ ਇਸ ਗੱਲ ਨਾਲ ਅਸਹਿਮਤੀ ਪ੍ਰਗਟਾਈ। ਟਰੰਪ ਨੇ ਕਿਹਾ ਕਿ ਤੁਸੀਂ ਲੋਕਾਂ ਨੂੰ ਬੇਰੁਜ਼ਗਾਰੀ ਦੀ ਕਤਾਰ 'ਚੋਂ ਹਟਾ ਕੇ ਇਹ ਨਹੀਂ ਕਹਿ ਸਕਦੇ ਕਿ ਮੈਂ ਤੁਹਾਨੂੰ ਇੱਕ ਅਜਿਹੇ ਕਾਰਖਾਨੇ 'ਚ ਲਗਾ ਦਿਆਂਗਾ ਜਿੱਥੇ ਤੁਸੀਂ ਮਿਜ਼ਾਈਲਾਂ ਬਣਾਓਗੇ। ਉਨ੍ਹਾਂ ਦੇ ਉਦਾਹਰਣ ਦਿੰਦੇ ਹੋਏ ਕਿਹਾ ਕਿ ਜੌਰਜੀਆ 'ਚ ਬੈਟਰੀ ਬਣਾਉਣ ਵਾਲੇ ਕਈ ਦੱਖਣੀ ਕੋਰੀਆਈ ਕਾਮਿਆਂ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਅਜਿਹੇ ਸਿਖਲਾਈ ਪ੍ਰਾਪਤ ਲੋਕਾਂ ਨੂੰ ਲੱਭਣਾ ਬਹੁਤ ਮੁਸ਼ਕਿਲ ਹੈ। **Trump** ਨੇ ਕਿਹਾ ਕਿ ਬੈਟਰੀ ਨਿਰਮਾਣ, ਮਿਜ਼ਾਈਲਾਂ ਅਤੇ ਉੱਚ-ਤਕਨੀਕੀ ਉਦਯੋਗ ਆਮ ਕਾਮਿਆਂ 'ਦੇ ਵਸ ਦੀ ਗੱਲ ਨਹੀਂ।"

H-1B ਦੀ ਦੁਰਵਰਤੋਂ 'ਤੇ ਕਾਰਵਾਈ ਜਾਰੀ: ਜ਼ਿਕਰਯੋਗ ਹੈ



ਕਿ **H-1B** ਵੀਜ਼ਾ ਪ੍ਰੋਗਰਾਮ ਦੀ ਵਰਤੋਂ ਮੁੱਖ ਤੌਰ 'ਤੇ ਤਕਨਾਲੋਜੀ ਕੰਪਨੀਆਂ ਦੁਆਰਾ ਅਮਰੀਕਾ 'ਚ ਵਿਦੇਸ਼ੀ ਕਰਮਚਾਰੀਆਂ ਨੂੰ ਨਿਯੁਕਤ ਕਰਨ ਲਈ ਕੀਤੀ ਜਾਂਦੀ ਹੈ। ਭਾਰਤੀ ਪੇਸ਼ੇਵਰ, ਜਿਨ੍ਹਾਂ 'ਚ ਤਕਨਾਲੋਜੀ ਕਰਮਚਾਰੀ ਅਤੇ ਡਾਕਟਰ ਸ਼ਾਮਿਲ ਹਨ, **H-1B** ਵੀਜ਼ਾ ਧਾਰਕਾਂ ਦੇ ਸਭ ਤੋਂ ਵੱਡੇ ਸਮੂਹ 'ਚ ਸ਼ਾਮਿਲ ਹਨ। ਹਾਲਾਂਕਿ **Trump** ਨੇ ਟੈਲੈਂਟ ਲਿਆਉਣ ਦਾ ਬਚਾਅ ਕੀਤਾ, ਪਰ ਉਨ੍ਹਾਂ ਦੇ ਪ੍ਰਸ਼ਾਸਨ ਨੇ ਇਸ ਵੀਜ਼ਾ ਪ੍ਰੋਗਰਾਮ 'ਚ ਦੁਰਵਰਤੋਂ ਦੀ ਜਾਂਚ ਲਈ ਵਿਆਪਕ ਕਾਰਵਾਈ ਸ਼ੁਰੂ ਕੀਤੀ ਹੋਈ ਹੈ।

ਇੱਕ ਲੱਖ ਡਾਲਰ ਦਾ ਵਾਧੂ ਭੁਗਤਾਨ: H-1B ਵੀਜ਼ਾ ਪ੍ਰੋਗਰਾਮ 'ਚ ਸੁਧਾਰ ਲਿਆਉਣ ਲਈ, ਟਰੰਪ ਨੇ ਇਸ ਸਾਲ ਸਤੰਬਰ 'ਚ ਇੱਕ ਮਹੱਤਵਪੂਰਣ ਕਦਮ ਚੁੱਕਿਆ ਸੀ। ਇਸ ਘੋਸ਼ਣਾ ਤਹਿਤ 21 ਸਤੰਬਰ 2025 ਤੋਂ ਬਾਅਦ ਦਾਇਰ ਕੀਤੀਆਂ ਗਈਆਂ ਕੁੱਝ **H-1B** ਅਰਜ਼ੀਆਂ ਦੇ ਨਾਲ ਯੋਗਤਾ ਦੀ ਸ਼ਰਤ ਵਜੋਂ ਇੱਕ ਲੱਖ ਡਾਲਰ ਦਾ ਵਾਧੂ ਭੁਗਤਾਨ ਕਰਨਾ ਜ਼ਰੂਰੀ ਹੋਵੇਗਾ। ਪਿਛਲੇ ਹਫ਼ਤੇ **Trump** ਪ੍ਰਸ਼ਾਸਨ ਨੇ **H-1B** ਵੀਜ਼ਾ ਦ